# ਦਫਤਰ ਨਗਰ ਨਿਗਮ ਹੁਸ਼ਿਆਰਪੁਰ

## ਪ੍ਰੈਸ ਨੋਟ

## ਜਾਇਦਾਦ ਟੈਕਸ ਦੀ ਬਕਾਇਆ ਰਕਮ 31 ਮਾਰਚ 2017 ਤੱਕ ਜਮ੍ਹਾ ਕਰਵਾਈ ਜਾਵੇ .........ਕਾਰਜ ਸਾਧਕ ਅਫਸਰ ਨਗਰ ਨਿਗਮ

ਹੁਸ਼ਿਆਰਪੁਰ 17 ਫਰਵਰੀ ਨਗਰ ਨਿਗਮ ਦੇ ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 138 (ਸੀ) ਅਧੀਨ ਜਾਇਦਾਦ ਸੀਲ ਕਰਨ ਸਬੰਧੀ ਨਗਰ ਨਿਗਮ ਦੇ ਸੁਪਰਡੰਟ ਸੁਆਮੀ ਸਿੰਘ ਦੀ ਅਗਵਾਈ ਵਿਚ ਭੇਜੀ ਗਈ ਟੀਮ ਜਿਸ ਵਿੱਚ ਇੰਸਪੈਕਟਰ ਮੁਕਲ ਕੇਸਰ, ਸੰਦੀਪ, ਲੇਖਰਾਜ,ਸੰਨੀ, ਕੁਲਵਿਦੰਰ ਅਤੇ ਗੌਰਵ ਸ਼ਰਮਾ ਸ਼ਾਮਲ ਹਨ।ਵੱਲ ਕੱਚਾ ਟੋਬਾ,ਰੇਲਵੇ ਰੋਡ,ਹੀਰਾ ਕੋਲਨੀ, ਵਕੀਲਾਂ ਬਾਜਰ ਅਤੇ ਬੱਸ ਸਟੈਡ ਦੇ ਨਜਦੀਕ ਜਾਇਦਾਦ ਮਾਲਕਾਂ ਨੂੰ ਨਗਰ ਨਿਗਮ ਵਲੋਂ ਕੀਤੇ ਗਏ ਹੁਕਮਾਂ ਸਬੰਧੀ ਜਾਣਕਾਰੀ ਦਿੱਤੀ । ਜਿਸ ਤੇ ਰੇਲਵੇ ਰੋਡ ਸਥਿਤ ਜਾਇਦਾਦ ਮਾਲਕ ਵਲੋਂ ਮੋਕੇ ਤੇ ਹੀ ਬਣਦੀ ਰਕਮ ਦਾ ਚੈਂਕ ਦਿੱਤਾ ਅਤੇ ਬਾਕੀ ਜਾਇਦਾਦ ਮਾਲਕਾਂ ਨੇ 24 ਘੱਟੇ ਅੰਦਰ ਬਣਦੀ ਜਾਇਦਾਦ ਟੈਂਕਸ ਦੀ ਰਕਮ ਜਮ੍ਹਾ ਕਰਵਾਉਣ ਦਾ ਲਿਖਤੀ ਤੋਰ ਤੇ ਭਰੋਸਾ ਦਿੱਤਾ।

ਕਾਰਜ ਸਾਧਕ ਅਫਸਰ ਨਗਰ ਨਿਗਮ ਹੁਸ਼ਿਆਰਪੁਰ ਨੇ ਸ਼ਹਿਰ ਨਿਵਾਸੀਆਂ ਨੂੰ ਕਿਹਾ ਕਿ ਉਹ ਆਪਣੀ ਪ੍ਰਾਪਰਟੀ ਦੇ ਜਾਇਦਾਦ ਟੈਕਸ ਦੀ ਬਣਦੀ ਰਕਮ 31 ਮਾਰਚ 2017 ਤੱਕ ਨਗਰ ਨਿਗਮ ਦੇ ਦਫਤਰ ਵਿਖੇ ਜਮਾਂ ਕਰਵਾਉਣ ਇਹ ਰਾਸ਼ੀ ਜਮਾਂ ਨਾ ਕਰਵਾਉਣ ਵਾਲੇ ਜਾਇਦਾਦਾਂ ਦੇ ਮਾਲਕਾਂ ਦੀ ਜਾਇਦਾਦ ਸੀਲ ਕਰਨ ਸਬੰਧੀ ਲੋੜੀਦੀ ਕਾਰਵਾਈ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਪ੍ਰਾਪਰਟੀ ਟੈਕਸ ਨਾ ਦੇਣ ਵਾਲੇ ਮਾਲਕਾਂ ਦੇ ਖਿਲਾਫ ਪ੍ਰਾਪਰਟੀ ਸੀਲ ਕਰਨ ਦੀ ਮੁਹਿੰਮ ਜਾਰੀ ਰਹੇਗੀ।